Roll No. .......................... Total No. of Pages : 2

# PC 21014-N

**J-2/2111**
**PUNJABI (Compulsory)–212**
**Semester–III**
**Syll. Dec.–2020**

Time Allowed : Three Hours] [Maximum Marks : 75

**ਨੋਟ:— ਸਾਰੇ** ਪ੍ਰਸ਼ਨ ਲਾਜ਼ਮੀ ਹਨ।

**ਭਾਗ—ੳ**

1. 'ਕਹਾਣੀ ਵਾਰਤਾ' ਕਹਾਣੀ ਸੰਗ੍ਰਹਿ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ :
ਦਰਦ, ਨੋ ਹੈਡਜ਼ ਡਾਊਨ, ਵਾਰਸ। 12

2. ਨਿਮਨ-ਲਿਖਤ ਪਾਤਰਾਂ ਵਿੱਚੋਂ ਕਿਸੇ **ਇੱਕ** ਪਾਤਰ ਦਾ ਪਾਤਰ ਚਿਤਰਨ ਕਰੋ :
ਮੈਜਿਸਟਰੇਟ, ਦੇਬੀ, ਸੁਰੀਤ। 12

**ਭਾਗ—ਅ**

3. ਹੇਠ ਲਿਖੇ ਪੈਰ੍ਹੇ ਦੀ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਨਾਲ ਹੀ ਢੁੱਕਵਾਂ ਸਿਰਲੇਖ ਵੀ ਦਿਓ :
ਹੁਣ ਕੰਮ ਕਾਰ ਦੀ ਤਰ੍ਹਾਂ ਇਨਸਾਨ ਨੇ ਆਪਣੇ ਰਿਸ਼ਤੇ ਵੀ ਮੋਬਾਇਲ ਫੋਨ ਤੋਂ ਹੀ ਕੰਟਰੋਲ ਕਰਨੇ ਸ਼ੁਰੂ ਕਰ ਦਿੱਤੇ ਹਨ। ਅੱਜ ਜਿਥੇ ਰਿਸ਼ਤੇ ਜੁੜ੍ਹਨ ਵਿੱਚ ਤੇਜ਼ੀ ਹੈ ਉਸ ਤੋਂ ਕਿਤੇ ਵੱਧ ਤੇਜੀ ਰਿਸ਼ਤੇ ਟੁੱਟਣ ਵਿੱਚ ਹੈ। ਤਕਨੀਕ ਵਿੱਚ ਦਿਨੋਂ ਦਿਨ ਸੁਧਾਰ ਹੋ ਰਿਹਾ ਹੈ। ਮੋਬਾਇਲ ਫੋਨ ਦਾ ਮਿੰਨੀ ਲੈਪਟੌਪ ਬਣਨਾ ਵੀ ਇਸੇ ਸੁਧਾਰ ਦਾ ਨਤੀਜਾ ਹੈ। ਮੋਬਾਇਲ ਫੋਨ ਨੇ ਬੰਦੇ ਦੇ ਬਹੁਤੇ ਕੰਮ ਬੇਹੱਦ ਸਰਲ ਕਰ ਦਿੱਤੇ ਹਨ ਭਾਵੇਂ ਕੋਈ ਬਿੱਲ ਭਰਨਾ ਹੋਵੇ ਜਾਂ ਕੋਈ ਖਰੀਦੋ-ਫ਼ਰੋਖਤ ਆਦਿ ਮੋਬਾਇਲ ਫੋਨ ਤੇ ਹੀ ਇਹ ਕੰਮ ਝੱਟ ਹੋ ਜਾਂਦੇ ਹਨ। ਜੇ ਕਿਸੇ ਦਾ ਮੋਬਾਇਲ ਫੋਨ ਘਰ ਰਹਿ ਜਾਵੇ ਤਾਂ ਉਹ ਆਪਣੇ ਆਪਨੂੰ ਅਧੂਰਾ ਜਿਹਾ ਮਹਿਸੂਸ ਕਰਦਾ ਹੈ। ਜਿਥੇ ਇੱਕ ਪਾਸੇ ਤਕਨੀਕ ਦੇ ਵਧਣ ਨਾਲ ਫਾਇਦੇ ਹੋ ਰਹੇ ਹਨ ਉਥੇ ਇਸਦਾ ਇਨਸਾਨ ਦੇ ਰਿਸ਼ਤਿਆਂ ਨੂੰ ਸਿਉਂਕ ਵਾਂਗ ਚਿੰਬੜ ਕੇ ਉਜਾੜ੍ਹਨ ਵਾਲਾ ਰੂਪ ਵੀ ਨਜ਼ਰ ਆਉਣ ਲੱਗ ਪਿਆ ਹੈ। 9



4. ਵਾਕੰਸ਼ ਕੀ ਹੁੰਦਾ ਹੈ ? ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ ਸੰਬੰਧੀ ਜਾਣਕਾਰੀ ਦਿਓ।

**ਜਾਂ**

ਸ਼ਬਦਾਂ ਨੂੰ ਪਰਿਭਾਸ਼ਿਤ ਕਰਦੇ ਹੋਏ ਉਸਦੀ ਪ੍ਰਕਾਰ ਵੰਡ ਕਰੋ। 12

**ਭਾਗ—ੲ**

5. ਨਿਮਨ-ਲਿਖਤ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :
(1) ਮੰਗਲ ਸਿੰਘ ਕੌਣ ਸੀ ? ਆਲਾ ਸਿੰਘ ਨੂੰ ਉਸਨੇ ਕੀ ਉਲਾਮਾ ਦਿੱਤਾ ?
(2) ਉਜਾੜ੍ਹ ਕਹਾਣੀ ਵਿੱਚ ਪੇਸ਼ ਮਨੁੱਖੀ ਅਸਤਿਤਵ ਸੰਬੰਧੀ ਚਰਚਾ ਕਰੋ।
(3) ਰੀਟਾ ਹੁਣ ਭੂਤ, ਭਵਿੱਖ ਦੇ ਕਿਸ ਤਰ੍ਹਾਂ ਦੇ ਚੱਕਰ ਵਿੱਚ ਫਸੀ ਮਹਿਸੂਸ ਕਰ ਰਹੀ ਹੈ ?
(4) ਵਿਹੜੇ ਵਿੱਚ ਲੱਗੇ ਅੰਬ ਦੇ ਬੂਟੇ ਨਾਲ ਤਾਈ ਦੀ ਕੀ ਯਾਦ ਜੁੜ੍ਹੀ ਹੋਈ ਸੀ ?
(5) ਦਰਦ ਕਹਾਣੀ ਦੇ ਪਾਤਰ ਅਜਾਇਬ ਦੀ ਦਵੰਦਮਈ ਮਨੋ-ਅਵਸਥਾ ਪ੍ਰਗਟ ਕਰੋ।
(6) ਦਾਦੀ ਨੇ ਸੁਰੀਤ ਨੂੰ ਕੀ ਸਲਾਹ ਦਿੱਤੀ ?
(7) ਬਾਪੂ ਨੇ ਸੁਪਨੇ ਵਿੱਚ ਕੀ ਦੇਖਿਆ ?
(8) ਗੁਰਜੰਟ ਦਾ ਮੱਖਣ ਸਿੰਘ ਨਾਲ ਕੀ ਰਿਸ਼ਤਾ ਸੀ ?
(9) ਵਾਕ ਰਚਨਾ ਦੇ ਕਿਹੜੇ-ਕਿਹੜੇ ਨਿਯਮ ਹਨ ?
(10) ਨਾਂਹ ਵਾਚਕ ਵਾਕ ਦੀਆਂ ਦੋ ਉਦਾਹਰਨਾਂ ਲਿਖੋ।
(11) ਸਵਾਧੀਨ ਉਪਵਾਕ ਕੀ ਹੁੰਦਾ ਹੈ ?
(12) ਯੋਜਕ ਤੋਂ ਕੀ ਭਾਵ ਹੈ ?
(13) ਪੰਜ ਸੰਯੁਕਤ ਵਾਕ ਲਿਖੋ।
(14) ਉਦੇਸ਼ ਅਤੇ ਵਿਸ਼ੇ ਤੋਂ ਕੀ ਭਾਵ ਹੈ ?
(15) ਮਿਸ਼ਰਤ ਵਾਕ ਕੀ ਹੁੰਦਾ ਹੈ ? 15×2=30